UK Government

# ਐਮਰਜੈਂਸੀ ਅਲਰਟ ਸਿਸਟਮ ਤੱਥ ਸ਼ੀਟ

## ਆਗਾਮੀ ਰਾਸ਼ਟਰੀ ਟੈਸਟ

ਯੂਕੇ ਦੇ ਐਮਰਜੈਂਸੀ ਅਲਰਟ ਸਿਸਟਮ ਦੀ ਰਾਸ਼ਟਰੀ ਪੱਧਰ ‘ਤੇ **ਐਤਵਾਰ 7 ਸਤੰਬਰ 2025** ਨੂੰ ਲਗਭਗ **1500 ਵਜੇ (ਦੁਪਹਿਰ 3:00 ਵਜੇ)** ਜਾਂਚ ਕੀਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ, gov.uk/alerts ‘ਤੇ ਜਾਓ।

## ਐਮਰਜੈਂਸੀ ਅਲਰਟ ਬਾਰੇ

ਐਮਰਜੈਂਸੀ ਅਲਰਟ ਸਿਸਟਮ ਲੋਕਾਂ ਨੂੰ ਉਨ੍ਹਾਂ ਦੇ ਮੋਬਾਇਲ ਫੋਨ ਅਤੇ ਟੈਬਲੇਟ ਰਾਹੀਂ ਸੰਪਰਕ ਕਰਨ ਦੇ ਯੋਗ ਬਣਾਉਂਦੇ ਹਨ ਜੇ ਕਿਸੇ ਐਮਰਜੈਂਸੀ ਦੀ ਸਥਿਤੀ ਵਿੱਚ ਉਹਨਾਂ ਦੀ ਜਾਨ ਨੂੰ ਖ਼ਤਰਾ ਹੋਵੇ। ਇਸ ਸਿਸਟਮ ਦੀ ਵਰਤੋਂ ਤੁਹਾਨੂੰ ਗੰਭੀਰ ਹੜ੍ਹ ਵਰਗੀਆਂ ਜਾਨਲੇਵਾ ਆਪਾਤ ਸਥਿਤੀਆਂ ਦੇ ਬਾਰੇ ਚੇਤਾਵਨੀ ਦੇਣ ਲਈ ਕੀਤੀ ਜਾਵੇਗੀ।

ਐਮਰਜੈਂਸੀ ਅਲਰਟ ਉਹ ਸੰਦੇਸ਼ ਹੁੰਦੇ ਹਨ ਜੋ 4G ਅਤੇ 5G ਅਨੁਕੂਲ ਮੋਬਾਈਲ ਫੋਨ ਅਤੇ ਟੈਬਲੇਟ ‘ਤੇ ਉਦੋਂ ਭੇਜੇ ਜਾਂਦੇ ਹਨ ਜਦੋਂ ਜਾਨ ਨੂੰ ਖ਼ਤਰਾ ਹੋਵੇ। ਸਿਰਫ਼ ਸਰਕਾਰ ਅਤੇ ਐਮਰਜੈਂਸੀ ਸੇਵਾਵਾਂ ਹੀ ਇਹਨਾਂ ਨੂੰ ਭੇਜ ਸਕਦੀਆਂ ਹਨ। ਤੁਸੀਂ gov.uk/alerts 'ਤੇ ਜਾ ਕੇ ਇਹ ਜਾਂਚ ਸਕਦੇ ਹੋ ਕਿ ਅਲਰਟ ਅਸਲੀ ਹੈ ਜਾਂ ਨਹੀਂ। ਐਮਰਜੈਂਸੀ ਅਲਰਟ ਲਈ ਕਿਸੇ ਨਿਜੀ ਜਾਣਕਾਰੀ (ਜਿਵੇਂ ਕਿ ਤੁਹਾਡਾ ਟੈਲੀਫੋਨ ਨੰਬਰ, ਪਛਾਣ ਜਾਂ ਸਥਾਨ) ਦੀ ਲੋੜ ਨਹੀਂ ਹੁੰਦੀ। ਐਮਰਜੈਂਸੀ ਅਲਰਟ ਇੱਕ-ਪਾਸੜ ਹੁੰਦੇ ਹਨ ਅਤੇ ਸਰਕਾਰ ਨੂੰ ਕੋਈ ਫੀਡਬੈਕ ਪ੍ਰਦਾਨ ਨਹੀਂ ਕਰਦੇ ਹਨ।

ਐਮਰਜੈਂਸੀ ਅਲਰਟ ਸਰਕਾਰ ਵੱਲੋਂ ਐਮਰਜੈਂਸੀ ਸਥਿਤੀਆਂ ਬਾਰੇ ਜਨਤਾ ਨਾਲ ਸੰਚਾਰ ਕਰਨ ਦੇ ਕਈ ਤਰੀਕਿਆਂ ਵਿੱਚੋਂ ਇੱਕ ਹੋਵੇਗਾ। ਇਸ ਲਈ ਜੇਕਰ ਤੁਹਾਡੇ ਕੋਲ ਮੋਬਾਈਲ ਫ਼ੋਨ ਨਹੀਂ ਹੈ, ਤਾਂ ਚਿੰਤਾ ਨਾ ਕਰੋ - ਤੁਹਾਨੂੰ ਮੀਡੀਆ ਅਤੇ ਸਥਾਨਕ ਐਮਰਜੈਂਸੀ ਸੇਵਾਵਾਂ ਰਾਹੀਂ ਸੂਚਿਤ ਕੀਤਾ ਜਾਵੇਗਾ।

ਐਮਰਜੈਂਸੀ ਅਲਰਟ ਹੋਰ ਕਿਸਮ ਦੇ ਸੰਦੇਸ਼ਾਂ ਜਿਵੇਂ ਕਿ ਐਸਐਮਐਸ 'ਟੈਕਸਟ ਸੰਦੇਸ਼ਾਂ ਤੋਂ ਬਹੁਤ ਵੱਖਰਾ ਦਿਖਾਈ ਦਿੰਦਾ ਹੈ ਅਤੇ ਸੁਣਾਈ ਦਿੰਦਾ ਹੈ। ਤੁਹਾਨੂੰ ਐਮਰਜੈਂਸੀ ਅਲਰਟ ਮਿਲਣ ‘ਤੇ ਪਤਾ ਚੱਲ ਜਾਵੇਗਾ ਕਿਉਂਕਿ ਤੁਹਾਨੂੰ ਇੱਕ ਤੇਜ਼ ਸਾਇਰਨ ਵਰਗੀ ਆਵਾਜ਼ ਸੁਣਾਈ ਦੇਵੇਗੀ ਅਤੇ ਤੁਹਾਡਾ ਫੋਨ ਇੱਕ ਵਿਸ਼ੇਸ਼ ਵਾਇਬ੍ਰੇਸ਼ਨ ਦੀ ਵਰਤੋਂ ਕਰੇਗਾ। ਤੁਹਾਡੀ ਸਕ੍ਰੀਨ ‘ਤੇ ਇੱਕ ਸੰਦੇਸ਼ ਤੁਹਾਨੂੰ ਐਮਰਜੈਂਸੀ ਬਾਰੇ ਅਤੇ ਤੁਹਾਨੂੰ ਕੀ ਕਰਨ ਦੀ ਲੋੜ ਹੈ ਬਾਰੇ ਦੱਸੇਗਾ। ਤੁਹਾਡੇ ਫ਼ੋਨ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ ‘ਤੇ, ਅਲਰਟ ਸਕ੍ਰੀਨ ਵਿਸਤਾਰ ਨਾਲ ਕੰਮ ਕਰੇਗਾ ਅਤੇ ਤੁਹਾਡੇ ਲਈ ਵੌਲਿਊਮ ਸੈਟਿੰਗਾਂ ਨੂੰ ਓਵਰਰਾਈਡ ਕਰਨ ਤੋਂ ਬਾਅਦ ਸੰਦੇਸ਼ ਪੜ੍ਹ ਸਕਦਾ ਹੈ। ਫ਼ੋਨ ਵਿੱਚੋਂ ਨਿਕਲਣ ਵਾਲੀ ਖਾਸ ਆਵਾਜ਼ ਉਨ੍ਹਾਂ ਲੋਕਾਂ ਲਈ ਵੀ ਸੁਣਾਈ ਦੇਣੀ ਚਾਹੀਦੀ ਹੈ ਜੋ ਸੁਣਨ ਸਬੰਧੀ ਯੰਤਰ ਦੀ ਵਰਤੋਂ ਕਰਦੇ ਹਨ।

ਜੇਕਰ ਤੁਹਾਨੂੰ ਕੋਈ ਅਲਰਟ ਮਿਲਦਾ ਹੈ, ਤਾਂ ਕਿਰਪਾ ਕਰਕੇ ਸੰਦੇਸ਼ ਧਿਆਨ ਨਾਲ ਪੜ੍ਹੋ ਅਤੇ ਨਿਰਦੇਸ਼ਾਂ ਦੀ ਪਾਲਣਾ ਕਰੋ। ਕਿਰਪਾ ਕਰਕੇ ਉਸਦੀ ਲੁਕ ਅਤੇ ਅਨੁਭਵ ਨੂੰ ਯਾਦ ਰੱਖੋ, ਜੇ ਤੁਹਾਨੂੰ ਫਿਰ ਤੋਂ ਕੋਈ ਅਲਰਟ ਮਿਲਦਾ ਹੈ।

ਤੁਸੀਂ ਐਮਰਜੈਂਸੀ ਅਲਰਟ ਤੋਂ ਬਾਹਰ ਨਿਕਲ ਸਕਦੇ ਹੋ, ਹਾਲਾਂਕਿ, ਅਸੀਂ ਦ੍ਰਿੜਤਾ ਨਾਲ ਸਿਫਾਰਿਸ਼ ਕਰਦੇ ਹਾਂ ਕਿ ਇਹਨਾਂ ਨੂੰ ਚਾਲੂ ਰੱਖੋ, ਕਿਉਂਕਿ ਇਹ ਸਿਸਟਮ ਤੁਹਾਨੂੰ ਜਾਨ ਜ਼ੋਖਿਮ ਵਿੱਚ ਹੋਣ ‘ਤੇ ਅਲਰਟ ਦੇਣ ਲਈ ਬਣਾਇਆ ਗਿਆ ਹੈ। ਜੇਕਰ ਤੁਸੀਂ ਬਾਹਰ ਨਿਕਲਣਾ ਚਾਹੁੰਦੇ ਹੋ, ਤਾਂ 'ਐਮਰਜੈਂਸੀ ਅਲਰਟ' ਲਈ ਆਪਣੀਆਂ ਸੈਟਿੰਗਾਂ ਖੋਜੋ ਅਤੇ ਐਮਰਜੈਂਸੀ

UK Government

ਅਲਰਟ ਬੰਦ ਕਰੋ। ਜੇਕਰ ਇਹ ਕੰਮ ਨਹੀਂ ਕਰਦਾ ਹੈ, ਤਾਂ ਕਿਰਪਾ ਕਰਕੇ ਆਪਣੇ ਡਿਵਾਈਸ ਨਿਰਮਾਤਾ ਨਾਲ ਸੰਪਰਕ ਕਰੋ। ਹੋਰ ਸਲਾਹ ਲਈ gov.uk/alerts/opting-out 'ਤੇ ਜਾਓ

## ਮੋਟਰ ਚਾਲਕਾਂ ਲਈ ਚੇਤਾਵਨੀ

ਤੁਹਾਨੂੰ ਗੱਡੀ ਚਲਾਉਂਦੇ ਸਮੇਂ ਜਾਂ ਮੋਟਰਸਾਈਕਲ ਚਲਾਉਂਦੇ ਸਮੇਂ ਮੋਬਾਈਲ ਫੋਨ **ਨਹੀਂ** ਫੜਨਾ ਚਾਹੀਦਾ। ਅਜਿਹਾ ਕਰਨਾ ਗੈਰ-ਕਾਨੂੰਨੀ ਹੈ। ਜੇਕਰ ਤੁਹਾਨੂੰ ਗੱਡੀ ਚਲਾਉਂਦੇ ਸਮੇਂ ਕੋਈ ਅਲਰਟ ਮਿਲਦਾ ਹੈ, ਤਾਂ ਆਪਣਾ ਫ਼ੋਨ ਨਾ ਚੁੱਕੋ ਅਤੇ ਸੰਦੇਸ਼ ਨਾਲ ਨਜਿੱਠਣ ਦੀ ਕੋਸ਼ਿਸ਼ ਨਾ ਕਰੋ। ਆਪਣੇ ਵਾਹਨ ਦੇ ਪੂਰੇ ਨਿਯੰਤਰਣ ਵਿੱਚ ਰਹਿੰਦੇ ਹੋਏ, ਆਮ ਵਾਂਗ ਗੱਡੀ ਚਲਾਉਂਦੇ ਰਹੋ। ਜੇਕਰ ਤੁਹਾਨੂੰ ਆਪਣੇ ਫ਼ੋਨ ਨੂੰ ਦੇਖਣ ਦੀ ਲੋੜ ਮਹਿਸੂਸ ਹੁੰਦੀ ਹੈ, ਤਾਂ ਤੁਹਾਨੂੰ ਪਹਿਲਾਂ ਗੱਡੀ ਰੋਕਣ ਲਈ ਇੱਕ ਸੁਰੱਖਿਅਤ ਅਤੇ ਕਾਨੂੰਨੀ ਜਗ੍ਹਾ ਚਾਹੀਦੀ ਹੈ।